بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 05.06.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 05 ਜੂਨ ਸਨ 2015 ਈ. ਨੂੰ ਫ਼੍ਰੈਂਕਫ਼ਰਟ ਜਰਮਨੀ ਵਿੱਚ ਦਿੱਤਾ ।**

**ਅਸੀਂ ਵਿਸ਼ਵਾਸ ਤੇ ਵਿਵਹਾਰਕ ਪੱਖੋਂ ਉਹ ਬਣੀਏ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਸਾਨੂੰ ਬਣਾਉਣਾ ਚਾਹੁੰਦੇ ਹਨ । ਸਾਡੀ ਧਰਤੀ ਵੀ ਨਵੀਂ ਬਣ ਜਾਵੇ ਅਤੇ ਸਾਡਾ ਅਕਾਸ਼ ਵੀ ਨਵਾਂ ਬਣ ਜਾਏ ਅਤੇ ਅਸੀਂ ਉਹ ਇਨਸਾਨ ਬਣ ਜਾਈਏ ਜੋ ਨਵੀਂ ਧਰਤੀ ਤੇ ਨਵੇਂ ਅਕਾਸ਼ ਬਨਾਉਣ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਸੇਵਕ ਤੇ ਸਹਾਇਕ ਹੋਣ ।**

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਅਲੱਾਹ ਦੀ ਅਪਾਰ ਮਿਹਰ ਤੇ ਕ੍ਰਿਪਾ ਨਾਲ ਅੱਜ ਜਮਾਤ ਅਹਮਦੀਆ ਜਰਮਨੀ ਦਾ ਸਾਲਾਨਾ ਜਲਸਾ ਅਰੰਭ ਹੋ ਰਿਹਾ ਹੈ । ਸੰਸਾਰ ਦੇ ਬਹੁਤੇ ਦੇਸ਼ਾਂ ਵਿੱਚ ਜਿੱਥੇ ਜਮਾਤ ਅਹਮਦੀਆ ਕਾਇਮ ਹੈ ਇਹ ਜਲਸੇ ਆਯੋਜਤ ਹੋਣਾ ਜਮਾਤ ਅਹਮਦੀਆ ਦੇ ਮਹਤੱਵਪੂਰਨ ਕਾਰਜਾਂ ਵਿੱਚੋਂ ਇਕ ਅਤਿ ਮਹਤੱਪੂਰਨ ਅੰਗ ਹੈ । ਇਕ ਸਮਾਂ ਸੀ ਕਿ ਜਲਸਾ ਸਾਲਾਨਾ ਵਿੱਚ ਭਾਗ ਲੈਣ ਲਈ ਭਾਰਤ ਦੇ ਰਹਿਣ ਵਾਲੇ ਅਹਮਦੀਆਂ ਲਈ ਵੀ ਕਾਦੀਆਂ ਜਲਸੇ ਲਈ ਆਉਣਾ ਕਿਰਾਏ ਆਦਿ ਦੇ ਖਰਚਿਆਂ ਕਰਕੇ ਬਹੁਤ ਔਖਾ ਸੀ ਸਗੋਂ ਕਈਆਂ ਲਈ ਸੰਭਵ ਹੀ ਨਹੀਂ ਸੀ । ਇਸੇ ਲਈ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਮਾਤ ਨੂੰ ਤਹਿਰੀਕ ਕੀਤੀ ਕਿ ਸਾਰਾ ਸਾਲ ਇਸ ਉਦੇਸ਼ ਲਈ ਕੁਝ ਨ ਕੁਝ ਜੋੜਦੇ ਰਹਿਣ ਤਾਂ ਜੋ ਜਲਸੇ ਉਪੱਰ ਜਾਣ ਲਈ ਮਾਰਗ ਖ਼ਰਚਾ ਉਪਲਭਦ ਹੋ ਜਾਵੇ । ਪਰ ਅੱਜ ਅਸੀਂ ਦੇਖਦੇ ਹਾਂ ਕਿ ਰੱਬ ਦੀ ਅਪਾਰ ਮਿਹਰ ਨਾਲ ਪ੍ਰਗਤੀਸ਼ੀਲ ਦੇਸਾਂ ਵਿੱਚ ਸਗੋਂ ਕੁਝ ਅਜਿਹੇ ਦੇਸ਼ ਵੀ ਜਿੱਥੇ ਜਮਾਤ ਵਧੀ ਹੈ ਜੋ ਜਲਸੇ ਆਯੋਜਤ ਹੁੰਦੇ ਹਨ ਉਹਨਾਂ ਵਿੱਚ ਭਾਗ ਲੈਣ ਵਾਲੇ ਆਪਣੀਆਂ ਸਵਾਰੀਆਂ ਅਤੇ ਕਾਰਾਂ ਦੀ ਗਿਣਤੀ ਐਨ੍ਹੀ ਹੁੰਦੀ ਹੈ ਕਿ ਪ੍ਰਬੰਧਕਾਂ ਨੂੰ ਕਾਰ ਪਾਰਕਿੰਗ ਲਈ ਵਿਸ਼ੇਸ਼ ਰੂਪ ਵਿੱਚ ਪ੍ਰਬੰਧ ਕਰਨਾ ਪੈਂਦਾ ਹੈ । ਆਪ ਵਿੱਚੋਂ ਬਹੁਤ ਇਹੋ ਜਿਹੇ ਹੋਣਗੇ ਜਿੰਨ੍ਹਾ ਦੇ ਪਿਤਾ ਪੁਰਖ ਜਲਸੇ ਵਿੱਚ ਆਪਣੇ ਉਪੱਰ ਦੁੱਖ ਝੱਲ ਕੇ ਕਸ਼ਟ ਉਠਾ ਕੇ ਜਾਂਦੇ ਹੋਣ ਗੇ । ਕਈ ਹਸਰਤ ਤੇ ਇਛੱਾ ਰਖੱਣ ਦੇ ਬਾਦ ਵੀ ਹਰ ਸਾਲ ਜਲਸੇ ਵਿੱਚ ਸ਼ਾਮਲ ਹੋਣ ਪਰ ਉਹਨਾਂ ਲਈ ਸੰਭਵ ਨਹੀਂ ਹੋ ਸਕਦਾ ਹੋਵੇਗਾ । ਪਰ ਕਦੇ ਆਪ ਵਿੱਚੋਂ ਕਿਸੇ ਨੇ ਇਹ ਸੋਚਿਆ ਹੈ ਕਿ ਐਨ੍ਹੀਆਂ ਆਸਾਨੀਆਂ ਉਪਲਭਧ ਹੋਣ ਦੇ ਬਾਦ, ਸਮਾਰਥਾ ਹੋਣ ਦੇ ਬਾਦ ਜੋ ਆਪ ਨੂੰ ਜਾਤਰਾਂ ਦੀਆਂ ਸਹੂਲਤਾਂ ਅਤੇ ਤੌਫ਼ੀਕ ਮਿਲਦੀ ਹੈ, ਕੀ ਆਪ ਨੂੰ ਇਹ ਰੱਬ ਦਾ ਧੰਨਵਾਦੀ ਬਨਾਉਣ ਅਤੇ ਈਮਾਨ ਵਿੱਚ ਵਧਾਉਣ ਦਾ ਸਬਬ ਬਣੀਆਂ

ਹਨ ? ਕੀ ਜੋ ਈਮਾਨ ਸਾਡੇ ਵੱਡਿਆਂ ਦਾ ਸੀ ਅਤੇ ਜੋ ਸੰਬੰਧ ਉਹਨਾਂ ਦਾ ਰੱਬ ਨਾਲ ਸੀ ਉਸ ਮਿਆਰ ਨੂੰ ਅਸੀਂ ਕਦੇ ਪਹੁੰਚੇ ਵੀ ਹਾਂ । ਕਈ ਉਸ ਜ਼ਮਾਨੇ ਦੇ ਬਜ਼ੁਰਗਾਂ ਵਿੱਚੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਜ਼ਮਾਨਾ ਪਾਉਣ ਦੇ ਬਾਦ ਵੀ ਆਪ ਨੂੰ ਮਨੰਣ ਦੇ ਬਾਦ ਵੀ, ਇਛੱਾ ਹੁੰਦਿਆਂ ਹੋਇਆਂ ਵੀ ਜਿਵੇਂ ਕਿ ਮੈਂ ਕਿਹਾ ਆਰਥਕ ਰੁਕਾਵਟਾਂ ਕਰਕੇ ਜਾਤਰਾ ਕਰਕੇ ਹਜ਼ਰਤ ਮਸੀਹਮੌਊਦ ਅਲੈਹਿ ਸਲਾਮ ਤੱਕ ਨ ਪਹੁੰਚ ਸਕੇ । ਪਰ ਅੱਜ ਜਿੰਨ੍ਹਾ ਦੇਸ਼ਾਂ ਦੇ ਜਲਸਿਆਂ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦਾ ਇਕ ਗ਼ੁਲਾਮ ਅਤੇ ਖ਼ਲੀਫ਼ਾ ਹੁੰਦਾ ਹੈ ਉਸ ਵਿੱਚ ਭਾਗ ਲੈਣ ਲਈ ਲੋਕ ਦੂਜਿਆਂ ਦੇਸ਼ਾਂ ਤੋਂ ਖਰਚ ਕਰਕੇ ਵੀ ਪਹੁੰਚਦੇ ਹਨ । ਮੇਰੇ ਸਾਹਮਣੇ ਵੀ ਕਈ ਬੈਠੇ ਹੋਏ ਹਨ ਸਗੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਚੱਾਈ ਜਾਨਣ ਲਈ ਅਜਿਹੇ ਲੋਕ ਵੀ ਦੂਜਿਆਂ ਦੇਸ਼ਾਂ ਤੋਂ ਭਾਗ ਲੈਣ ਲਈ ਆ ਜਾਂਦੇ ਹਨ ਜੋ ਅਜੇ ਆਪ ਉਪੱਰ ਈਮਾਨ ਨਹੀਂ ਲਿਆਏ । ਸੋ, ਇਹ ਗੱਲ ਜਿੱਥੇ ਇਸ ਪੱਖੋਂ ਚੰਗੀ ਹੈ ਕਿ ਰੱਬ ਨੇ ਹਾਲਾਤ ਬਦਲ ਦਿੱਤੇ ਹਨ ਅਤੇ ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਦਾ ਸੰਦੇਸ਼ ਦੁਨੀਆ ਵਿੱਚ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ ਓਥੇ ਉਹਨਾਂ ਬਜ਼ੁਰਗਾਂ ਦੀਆਂ ਸੰਤਾਨਾਂ ਲਈ ਆਪਣੀ ਪੜਤਾਲ ਲੈਣ ਲਈ ਧਿਆਨ ਦੇਣ ਦੀ ਵੀ ਲੋੜ ਹੈ ਕਿ ਅਸੀਂ ਆਪਣੇ ਜਾਇਜ਼ੇ ਲਈਏ ਕਿ ਅਸੀਂ ਆਪਣੇ ਰੱਬ ਨਾਲ ਸੰਬੰਧ ਆਪਣੇ ਈਮਾਨ ਅਤੇ ਰੱਬ ਦੇ ਆਦੇਸ਼ਾਂ ਉਪੱਰ ਚਲੱਣ ਦੀ ਪਾਬੰਦੀ ਕਰਨ ਦੇ ਪੱਖੋਂ ਕਿਸ ਮਰਤਬੇ ਤੱਕ ਪਹੁੰਚੇ ਹਾਂ । ਜੇਕਰ ਸਾਡੇ ਪਰਿਵਾਰਾਂ ਵਿੱਚ ਸਾਡੇ ਬਜ਼ੁਰਗਾਂ ਦੇ ਨੇਕੀ ਦੇ ਮਾਪਦੰਡਾਂ ਦੇ ਟਾਕਰੇ'ਤੇ ਪਤਨ ਹੋ ਰਿਹਾ ਹੈ ਤਾਂ ਸਾਡੀ ਹਾਲਤ ਚਿੰਤਾ ਯੋਗ ਹੈ । ਅਸੀਂ ਦੁਨੀਆ ਤਾਂ ਕਮਾ ਰਹੇ ਹਾਂ ਪਰ ਸਾਡਾ ਦੀਨ (ਧਰਮ) ਦਾ ਖਾਨਾ ਖਾਲੀ ਹੋ ਰਿਹਾ ਹੈ ਅਤੇ ਅਜਿਹੀ ਅਵਸਥਾ ਵਿੱਚ ਫਿਰ ਇਕ ਸਮਾਂ ਅਜਿਹਾ ਆਉਂਦਾ ਹੈ ਜੱਦ ਮਨੁੱਖ ਸੰਸਾਰਕ ਧੰਧਿਆਂ ਵਿੱਚ ਅਜਿਹਾ ਗੜੁੰਦ ਹੁੰਦਾ ਹੈ ਕਿ ਰੱਬ ਨਾਲ ਸੰਬੰਧ ਉਕੱਾ ਹੀ ਖ਼ਤਮ ਹੋ ਜਾਂਦਾ ਹੈ ਅਤੇ ਇਉਂ ਰੱਬ ਦੀ ਨਿਗਾਹ'ਚੋਂ ਡਿੱਗ ਕੇ ਸ਼ੈਤਾਨ ਦੀ ਝੋਲੀ ਵਿੱਚ ਜਾ ਡਿਗੱਦਾ ਹੈ ਅਜਿਹੇ ਲੋਕਾਂ ਦਾ ਜਲਸੇ ਉਪੱਰ ਆਉਣਾ ਇਕ ਰਸਮ ਬਣ ਜਾਂਦਾ ਹੈ ।

ਇਸ ਲਈ ਸਾਡੇ ਵਿੱਚੋਂ ਹਰ ਇਕ ਨੂੰ ਇਹ ਜਤਨ ਕਰਨਾ ਚਾਹੀਦਾ ਹੈ ਕਿ ਭਾਗ ਲੈਣਾ ਸਾਨੂੰ ਸਾਡੀਆਂ ਕਮਜ਼ੋਰੀਆਂ ਵੱਲ ਚਿੰਨਹਿਤ ਕਰਦਿਆਂ ਹੋਇਆਂ ਸਾਡੇ ਅੰਦਰ ਇਨਕਲਾਬ ਲਿਆਉਣ ਵਾਲਾ ਹੋਵੇ । ਸਾਨੂੰ ਰੱਬ ਦਾ ਧੰਨਵਾਦੀ ਬਨਾਓਣ ਵਾਲਾ ਹੋਵੇ । ਸਾਡਾ ਖੁੱਲ ਡੁੱਲ ਸਾਨੂੰ ਰੱਬ ਦੀਆਂ ਮਿਹਰਾਂ ਦਾ ਵਾਰਸ ਬਨਾਉਣ ਵਾਲਾ ਹੋਵੇ । ਅਸੀਂ ਹਮੇਸ਼ਾ ਇਹ ਦੁਆ ਤੇ ਜਤਨ ਕਰਦੇ ਰਹਿਣ ਵਾਲੇ ਹੋਈਏ ਕਿ ਅਸੀਂ ਜਾਂ ਸਾਡੀਆਂ ਨਸਲਾਂ ਕਦੇ ਰੱਬ ਦੇ ਕਰੋਪ ਦਾ ਸਬਬ ਨ ਬਣੀਏ । ਅਸੀਂ ਆਪਣੇ ਬਜ਼ੁਗਾਂ ਦੀਆਂ ਦੁਆਵਾਂ ਤੇ ਇਛੱਵਾਂ ਦੇ ਵਾਰਸ ਬਣਨ ਵਾਲੇ ਹੋਈਏ । ਇਸੇ ਪ੍ਰਕਾਰ ਰੱਬ ਦੀ ਮਿਹਰ ਨਾਲ ਜੋ ਜਮਾਤ ਨੂੰ ਪ੍ਰਗਤੀ ਪ੍ਰਾਪਤ ਹੋ ਰਹੀ ਹੈ ਜਮਾਤ ਦੁਨੀਆ ਦੇ ਕੋਨੇ ਕੋਨੇ ਵਿੱਚ ਫੈਲ ਰਹੀ ਹੈ । ਅਲੱਾਹ ਤਆਲਾ ਜੋ ਲੋਕਾਂ ਦੇ ਦਿਲਾਂ ਨੂੰ ਖੋਲਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਸ਼ਾਮਲ ਹੋਣ ਲਈ ਉਤੱਰ ਤੋਂ ਵੀ ਦਖੱਣ ਤੋਂ ਵੀ ਪੂਰਬ ਤੋਂ ਵੀ ਪਛੱਮ ਤੋਂ ਵੀ ਲੋਕਾਂ ਨੂੰ ਤੌਫ਼ੀਕ ਦੇ ਰਿਹਾ ਹੈ । ਜੋ ਲੋਕ ਜਮਾਤ ਵਿੱਚ ਆਪਣੇ ਈਮਾਨ ਨੂੰ ਦ੍ਰਿੜ੍ਹਤਾ ਪੈਦਾ ਕਰਨ ਲਈ ਸ਼ਾਮਲ ਹੋ ਰਹੇ ਹਨ ਆਪਣੇ ਅਲੱਾਹ ਨਾਲ ਸੰਬੰਧ ਗੂੜ੍ਹੇ ਕਰਨਾ ਚਾਹੁੰਦੇ ਹਨ ਉਹ ਇਸ ਜਲਸੇ ਵਿੱਚ ਸ਼ਾਮਲ ਹੋਣ ਦੇ ਉਦੇਸ਼ ਨੂੰ ਪੂਰਾ ਕਰਨ ਵਾਲੇ ਵੀ ਬਣਨ । ਇਹ ਰੱਬ ਕਰੇ ਕਿ ਉਹਨਾਂ ਦੇ ਦਿਲ ਖੁਲੱਣ ਅਤੇ ਹੋਰ ਵਧੇਰੇ ਖੁਲਦੇ ਜਾਣ । ਇਸ ਗੱਲ'ਤੇ ਨਜ਼ਰ ਰਖੱਣ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਲਸੇ ਦੇ ਆਯੋਜਨ ਦੇ ਮੰਤਵਾਂ ਲਈ ਵਰਨਣ ਕੀਤੇ ਹਨ ਅਰਥਾਤ ਰੱਬ ਨਾਲ ਸੰਬੰਧ ਅਤੇ ਆਪਣੇ ਜੀਵਨ ਨੂੰ ਉਸ ਦੇ ਆਦੇਸ਼ ਅਨੁਸਾਰ ਢਾਲਣਾ । ਆਪਣੇ ਭਰਾਵਾਂ ਦੇ

ਹੱਕਾਂ ਦੀ ਅਦਾਇਗੀ ਵੱਲ ਧਿਆਨ ਅਤੇ ਰੱਬ ਦੇ ਸੰਦੇਸ਼ ਨੂੰ ਦੁਨੀਆ ਵਿੱਚ ਫੈਲਾਉਣ ਲਈ ਜਤਨ । ਇਹ ਸਾਰੀਆਂ ਗੱਲਾਂ ਆਪਣੀ ਅਵਸਥਾ ਨੂੰ ਰੱਬ ਦੇ ਆਦੇਸ਼ਾਂ ਅਨੁਸਾਰ ਢਾਲਣ ਅਤੇ ਇਕ ਕੁਰਬਾਨੀ ਦੀ ਮੰਗ ਕਰਦੀ ਹੈ ।

ਸੋ, ਇਹ ਜਲਸਾ ਨ ਕੋਈ ਸੰਸਾਰਕ ਮੇਲਾ ਹੈ ਨ ਹੀ ਸੰਸਾਰਕ ਉਦੇਸ਼ਿਆਂ ਦੀ ਪ੍ਰਾਪਤੀ ਲਈ ਕੋਈ ਸਾਧਨ ਹੈ । ਏਥੇ ਆਉਣ ਵਾਲਿਆਂ ਨੂੰ ਇਕ ਤਾਂ ਜ਼ਿਕਰੇ ਇਲਾਹੀ (ਇਲਾਹੀ ਚਿੰਤਨ) ਵੱਲ ਧਿਆਨ ਦਿੰਦੇ ਰਹਿਣਾ ਚਾਹੀਦਾ ਹੈ ਕਿ ਰੱਬ ਨਾਲ ਸੰਬੰਧ ਵਧਾਉਣ ਅਤੇ ਉਸ ਦੀਆਂ ਮਿਹਰਾਂ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਅਤੇ ਦੂਜਾ ਇਹ ਹਰ ਸਮੇਂ ਸੋਚ ਵਿੱਚ ਰਖੱਣ ਲਈ ਜ਼ਰੂਰੀ ਹੈ ਕਿ ਅਸੀਂ ਨੇਕੀਆਂ ਨੂੰ ਪ੍ਰਾਪਤ ਕਰਨ ਅਤੇ ਅਪਨਾਉਣ ਵਾਲੇ ਬਣੀਏ ਅਤੇ ਫਿਰ ਉਹਨਾਂ ਨੂੰ ਆਪਣੇ ਜੀਵਨ ਵਿੱਚ ਪਕੱਾ ਹਿਸੱਾ ਬਣਾਉਣ ਵਾਲੇ ਬਣਨ ਜਿੰਨ੍ਹਾ ਦਾ ਰੱਬ ਨੇ ਆਦੇਸ਼ ਦਿੱਤਾ ਹੈ । ਜ਼ਿਕਰੇ ਇਲਾਹੀ (ਇਲਾਹੀ ਚਿੰਤਨ) ਬਾਰੇ ਇਹ ਦਸੱਣਾ ਚਾਹੁੰਦਾ ਹਾਂ ਕਿ ਸਭਾ ਵਿੱਚ ਬੈਠਣ ਵਾਲਿਆਂ ਦਾ ਜ਼ਿਕਰ (ਚਿੰਤਨ) ਚਾਹੇ ਆਪਣੇ ਆਪਣੇ ਰੰਗ ਰੂਪ ਵਿੱਚ ਹੋ ਰਿਹਾ ਹੋਵੇ ਵੱਖ ਵੱਖ ਵਿਅਕਤੀਗਤ ਰੂਪ ਵਿੱਚ ਹਰ ਕੋਈ ਕਰ ਰਿਹਾ ਹੋਵੇ ਜਮਾਤੀ ਰੂਪ ਰੰਗ ਰਖੱਦਾ ਹੈ ਅਤੇ ਜਿੱਥੇ ਮਨੁਖੱਤਾ ਨੂੰ ਇਸ ਤੋਂ ਲਾਭ ਹੋ ਰਿਹਾ ਹੁੰਦਾ ਹੈ ਓਥੇ ਜਮਾਤੀ ਤੌਰ'ਤੇ ਵੀ ਰੱਬ ਦੀਆਂ ਮਿਹਰਾਂ ਨੂੰ ਪਾਪਤ ਕਰਨ ਦਾ ਸਾਧਨ ਹੁੰਦਾ ਹੈ ।

ਇਸ ਲਈ ਆਪਣੇ ਇਹਨਾਂ ਦਿਨਾਂ ਨੂੰ ਹਰ ਸ਼ਾਮਲ ਹੋਣ ਵਾਲੇ ਨੂੰ ਇਸ ਢੰਗ ਨਾਲ ਬਤੀਤ ਕਰਨਾ ਚਾਹੀਦਾ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਦੱਸਿਆ ਅਤੇ ਸਾਥੋਂ ਆਸ਼ਾ ਰੱਖੀ । ਰੱਬ ਨਾਲ ਸੰਬੰਧ ਮਜ਼ਬੂਤ ਕਰੋ ਅਤੇ ਦੂਜਾ ਆਪਣੇ ਮਨਾਂ ਨੂੰ ਰੱਬ ਦੀ ਮਖ਼ਲੂਕ ਨਾਲ ਪ੍ਰੇਮ ਦੀ ਭਾਵਨਾ ਨਾਲ ਭਰੋ । ਆਪਣੇ ਭਰਾਵਾਂ ਦੇ ਜਜ਼ਬੇ ਤੇ ਅਹਿਸਾਸ ਦਾ ਖ਼ਿਆਲ ਰੱਖੋ । ਏਥੇ ਜਲਸੇ'ਤੇ ਆ ਕੇ ਕਿਸੇ ਵਿੱਚ ਕੋਈ ਵਿਵਾਦ ਵੀ ਹੈ ਤਾਂ ਉਹਨਾਂ ਨੂੰ ਦੂਰ ਕਰਨ ਦਾ ਜਤਨ ਕਰੋ । ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਇਕ ਥਾਂ ਫ਼ਰਮਾਉਂਦੇ ਹਨ ਇਹ ਦੁਨੀਆ ਕੁਝ ਦਿਨਾਂ ਦੀ ਹੈ ਅਤੇ ਅਜਿਹਾ ਮੁਕਾਮ ਹੈ ਕਿ ਅੰਤ ਫ਼ਨਾ ਹੈ । ਅੰਦਰ ਹੀ ਅੰਦਰ ਇਸ ਫ਼ਨਾ ਦਾ ਸਾਧਨ ਲੱਗਾ ਹੋਇਆ ਹੈ । ਉਹ ਆਪਣਾ ਕੰਮ ਕਰ ਰਿਹਾ ਹੈ ਪਰ ਖ਼ਬਰ ਨਹੀਂ ਹੁੰਦੀ ਇਸ ਲਈ ਰੱਬ ਦੀ ਪਛਾਣ ਵੱਲ ਛੇਤੀ ਪੈਰ੍ਹ ਪੁਟੱਣਾ ਚਾਹੀਦਾ ਹੈ । ਰੱਬ ਦਾ ਆਨੰਦ ਉਸ ਨੂੰ ਆਉਂਦਾ ਹੈ ਜੋ ਉਸ ਨੂੰ ਸ਼ਨਾਖ਼ਤ ਕਰਦਾ ਹੈ ਅਤੇ ਜੋ ਉਸ ਵੱਲ ਸੱਚੀ ਵਫ਼ਾਦਾਰੀ ਨਾਲ ਕਦਮ ਨਹੀਂ ਚੁਕਦਾ ਉਸ ਦੀ ਦੁਆ ਖੁੱਲੇ ਤੌਰ'ਤੇ ਪਰਵਾਨ ਨਹੀਂ ਹੁੰਦੀ ਅਤੇ ਕੋਈ ਨ ਕੋਈ ਹਨ੍ਹੇਰੇ ਦਾ ਪੱਖ ਉਸ ਨਾਲ ਲੱਗਾ ਹੀ ਰਹਿੰਦਾ ਹੈ । ਜੇਕਰ ਰੱਬ ਖਾਤਰ ਰਤਾ ਜਿਹੀ ਹਰਕਤ ਕਰੋਗੇ ਤਾਂ ਉਹ ਉਸ ਤੋਂ ਵੱਧ ਤੁਹਾਡੇ ਵੱਲ ਹਰਕਤ ਕਰੇਗਾ ਪਰ ਪਹਿਲਾਂ ਤੁਹਾਡੇ ਵੱਲੋਂ ਹਰਕਤ ਹੋਣੀ ਜ਼ਰੂਰੀ ਹੈ ।

ਫਿਰ ਫ਼ਮਾਇਆ ਕੁਝ ਲੋਕ ਸ਼ਿਕਾਇਤ ਕਰਦੇ ਹਨ ਕਿ ਅਸੀਂ ਸਾਰੀਆਂ ਨੇਕੀਆਂ ਕੀਤੀਆਂ ਨਮਾਜ਼ਾਂ ਪੜ੍ਹੀਆਂ ਰੋਜ਼ੇ ਵੀ ਰੱਖੇ ਸਦਕਾ ਖ਼ੈਰਾਤ ਵੀ ਦਿੱਤਾ ਸੰਘਰਸ਼ ਵੀ ਕੀਤਾ ਪਰ ਸਾਨੂੰ ਕੁਝ ਵੀ ਵਸੂਲ ਨਹੀਂ ਹੋਇਆ । ਅਜਿਹੇ ਲੋਕ ਆਦਿ ਤੋਂ ਅਭਾਗੇ ਹੁੰਦੇ ਹਨ ਉਹ ਰੱਬ ਦੀ ਖ਼ੁਦਾਈ ਉਪੱਰ ਵਿਸ਼ਵਾਸ ਨਹੀਂ ਰੱਖਦੇ ਅਤੇ ਨ ਉਹਨਾ ਨੇ ਸਾਰੇ ਅਮਲ ਰੱਬ ਲਈ ਕੀਤੇ ਹੁੰਦੇ ਹਨ । ਜੇਕਰ ਰੱਬ ਲਈ ਕੋਈ ਅਮਲ ਕੀਤਾ ਜਾਵੇ ਤਾਂ ਇਹ ਸੰਭਵ ਹੀ ਨਹੀਂ ਹੈ ਕਿ ਉਹ ਨਸ਼ਟ ਹੋਵੇ ਅਤੇ ਰੱਬ ਉਸ ਦਾ ਵਟਾਂਦਰਾ ਉਸ ਦੇ ਜੀਵਨ ਵਿੱਚ ਹੀ ਨ ਦੇਵੇ । ਸੋ, ਰੱਬ ਤੋਂ ਸੰਬੰਧ ਪੈਦਾ ਕਰਨ ਲਈ ਖ਼ਾਲਸ ਹੋਕੇ ਉਸ ਦੀ ਇਬਾਦਤ ਕਰਨੀ ਹੋਵੇਗੀ ਅਤੇ ਉਸ ਦੇ ਆਦੇਸ਼ਾਂ ਉਪੱਰ ਅਮਲ ਕਰਨਾ ਹੋਵੇਗਾ । ਸਾਡਾ ਕੰਮ ਜੇਕਰ ਰੱਬ ਦੀ ਰਜ਼ਾ ਲਈ ਹੋਵੇਗਾ ਤਾਂ ਅਸੀਂ ਉਸ ਦੀਆਂ ਮਿਹਰਾਂ ਨੂੰ ਪਾਉਣ ਵਾਲੇ ਬਣਾਗੇ ।

ਸੋ, ਜੇਕਰ ਅਸੀਂ ਆਪ ਦੀ ਬੈਅਤ ਵਿੱਚ ਆਕੇ ਵੀ ਇਹਨਾਂ ਗੱਲਾਂ ਵੱਲ ਧਿਆਨ ਨਹੀਂ ਦਿੰਦੇ ਤਾਂ ਅਸੀਂ ਆਪਣੀਆਂ ਜ਼ਿੰਮੇਦਾਰੀਆਂ ਪੂਰੀਆਂ ਨਹੀਂ ਕਰ ਰਹੇ । ਨਬੀ ਆਉਂਦੇ ਹਨ ਆਪਣੇ ਮਨ੍ਹੰਣ ਵਾਲਿਆਂ ਵਿੱਚ ਇਨਕਲਾਬ ਪੈਦਾ ਕਰਨ ਲਈ । ਉਹਨਾਂ ਦੀਆਂ ਹਾਲਤਾਂ ਨੂੰ ਵਖੱਰਾ ਰੂਪ ਦੇਣ ਲਈ । ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੂੰ ਵੀ ਰੱਬ ਨੇ ਕਸ਼ਫ਼ (ਦਿਵ ਦ੍ਰਿਸ਼ਟ) ਰਾਹੀਂ ਦਿਖਾਇਆ ਕਿ ਆਪ ਨੇ ਇਕ ਨਵੀਂ ਧਰਤੀ ਤੇ ਨਵਾਂ ਅਕਾਸ਼ ਬਣਾਇਆ ਹੈ । ਫਿਰ ਆਪ ਨੇ ਕਿਹਾ ਕਿ ਆਓ ਇਨਸਾਨ ਪੈਦਾ ਕਰੀਏ । ਇਹ ਨਵੀਂ ਧਰਤੀ ਤੇ ਨਵੇਂ ਅਕਾਸ਼ ਬਨਾਉਣਾ ਅਤੇ ਇਸ ਵਿੱਚ ਇਨਸਾਨ ਪੈਦਾ ਕਰਨਾ ਉਹ ਇਨਕਲਾਬ ਹੈ ਜੋ ਆਪ ਨੇ ਆਪਣੇ ਮਨ੍ਹੰਣ ਵਾਲਿਆਂ ਵਿੱਚ ਪੈਦਾ ਕਰਨਾ ਸੀ । ਨਵੀਂ ਧਰਤੀ ਨਵੇਂ ਅਕਾਸ਼ ਬਨਾਉਣ ਦਾ ਸਭ ਤੋਂ ਵੱਧਕੇ ਅਤੇ ਕਾਮਲ ਤੇ ਸੰਪੂਰਨ ਪ੍ਰਗਟਾ ਤਾਂ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਵਿਅਕਤੀਤਵ ਵਿੱਚ ਨਜ਼ਰ ਆਉਂਦਾ ਹੈ । ਆਪ ਨੇ ਕਿਵੇਂ ਨਵੀਂ ਧਰਤੀ ਤੇ ਨਵਾਂ ਅਕਾਸ਼ ਬਣਾਇਆ ਕਿ ਦੁਸ਼ਮਣਾ ਨੂੰ ਤੌਹੀਦ ਉਪੱਰ ਕਾਇਮ ਕਰ ਦਿੱਤਾ । ਉਹੋ ਜੋ ਬੁੱਤਾਂ ਨੂੰ ਪੂਜਣ ਵਾਲੇ ਸਨ ਅਤੇ ਇਕ ਰੱਬ ਦੇ ਇਨਕਾਰੀ ਸਨ, ਉਹ ਅਹਦ ਅਹਦ (ਅਰਥਾਤ ਰੱਬ ਇਕ ਹੈ) ਕਹਿ ਕੇ ਹਰ ਪ੍ਰਕਾਰ ਦੇ ਅਤਿਆਚਾਰ ਸਹਿੰਦੇ ਰਹੇ । ਜੋ ਤੌਹੀਦ ਦੀ ਸਥਾਪਨਾ ਲਈ ਆਪਣੀਆਂ ਜਾਂਨਾ ਗਵਾ ਬੈਠੇ ਪਰ ਤੌਹੀਦ ਤੋਂ ਇਨਕਾਰ ਨ ਕੀਤਾ । ਇਹ ਉਹ ਪਰਿਵਰਤਨ ਤੇ ਤਬਦੀਲੀ ਹੈ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਪੈਦਾ ਕੀਤੀ । ਫਿਰ ਇਸਤਰੀਆਂ ਨੂੰ ਅਧਿਕਾਰ ਦੁਆਏ ਉਸ ਦੇ ਮਾਨ ਸਨਮਾਨ ਦੀ ਸਥਾਪਨਾ ਕੀਤੀ ਉਸਨੂੰ ਸਮਾਜ ਵਿੱਚ ਇਕ ਮੁਕਾਮ ਦੁਆਇਆ ਅਜਿਹੇ ਸਮਾਜ ਵਿੱਚ ਜਿੱਥੇ ਇਸਤਰੀ ਦੀ ਕੋਈ ਇਜ਼ੱਤ ਨਹੀਂ ਸੀ । ਇਹ ਬਹੁਤ ਵੱਡੀ ਗੱਲ ਸੀ ਸਗੋਂ ਹੁਣ ਤੱਕ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੇ ਜੋ ਇਹ ਫਰਮਾਇਆ ਕਿ ਪਸ਼ੂਆਂ ਤੋਂ ਮਾੜੇ ਮਨੁੱਖਾਂ ਨੂੰ ਇਨਸਾਨ ਬਣਾਇਆ ਫਿਰ ਵਿਦਿਅਕ ਯੋਗਤਾ ਵਾਲਾ ਮਨੁੱਖ ਬਣਾਇਆ ਫਿਰ ਬਾਖ਼ੁਦਾ ਇਨਸਾਨ ਬਣਾਇਆ ਜੋ ਇਕ ਮਹਾਨ ਚਮਤਕਾਰ ਸੀ ਜੋ ਆਪ ਸਲਲੱਾਹੁ ਅਲੈਹਿ ਵਸਲਅਮ ਰਾਹੀਂ ਪ੍ਰਕਟ ਹੋਇਆ । ਇਹਨਾਂ ਬਾਖ਼ੁਦਾ ਇਨਸਾਨਾਂ ਨੇ ਹਰ ਕੰਮ ਰੱਬ ਦੀ ਰਜ਼ਾ ਅਨੁਸਾਰ ਕਰਨਾ ਅਰੰਭ ਕਰ ਦਿੱਤਾ । ਸੋ, ਇਹੋ ਨਵੀਂ ਧਰਤੀ ਤੇ ਨਵਾਂ ਅਕਾਸ਼ ਸੀ ਜੋ ਆਪ ਸਲਲੱਾਹੁ ਅਲੈਹਿ ਵਸਲਅਮ ਦੇ ਆਉਣ ਨਾਲ ਬਣਿਆ ਅਤੇ ਇਸ ਜੁੱਗ ਵਿੱਚ ਆਪ ਦੇ ਸੱਚੇ ਗ਼ੁਲਾਮ ਨੂੰ ਰੱਬ ਨੇ ਕਿਹਾ ਕਿ ਨਵੀਂ ਧਰਤੀ ਤੇ ਨਵਾਂ ਅਕਾਸ਼ ਬਣਾਓ । ਕੀ ਜੋ ਹਾਲਾਤ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਜੁੱਗ ਵਿੱਚ ਮੁਸਲਮਾਨਾ ਦੇ ਸਨ ਜਾਂ ਜੋ ਅਵਸਥਾ ਉਹਨਾਂ ਦੀ ਰੂਹਾਨੀ ਤੇ ਆਚਰਣਕ ਸੀ ਉਹੋ ਹਾਲਤ ਹੁਣ ਹੈ ? ਨਹੀਂ, ਸਗੋਂ ਜੋ ਆਪ ਦੇ ਆਉਣ ਤੋਂ ਪਹਿਲਾਂ ਜਹਾਲਤ ਸੀ ਉਹ ਜਹਾਲਤ ਏਥੇ ਨਵੇ ਸਿਰਿਓਂ ਪੈਦਾ ਹੋ ਚੁੱਕੀ ਹੈ । ਤਾਂਹੀਓਂ, ਰੱਬ ਨੇ ਆਪਣੇ ਵਾਦੇ ਅਨੁਸਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜਿਆ ਸੀ । ਇਕ ਸਮਾਂ ਸੀ ਜੱਦ ਮੁਸਲਮਾਨਾਂ ਨੇ ਤੌਹੀਦ ਖ਼ਾਤਰ ਆਪਣੀਆਂ ਜਾਨਾਂ ਵਾਰੀਆਂ ਹਰ ਪ੍ਰਕਾਰ ਦੀਆਂ ਕੁਰਬਾਨੀਆਂ ਦਿੱਤੀਆਂ । ਇਸਲਾਮ ਨੂੰ ਫੈਲਾਇਆ ਅਤੇ ਦੁਨੀਆਂ ਵਿੱਚ ਇਕ ਵਿਸ਼ੇਸ਼ ਪਰਿਵਰਤਨ ਪੈਦਾ ਹੋ ਗਿਆ । ਪਰ ਹੁਣ ਮੁਸਲਮਾਨ ਤੌਹੀਦ ਦੀ ਥਾਂ ਕਬਰਾਂ ਨੂੰ ਸਜੱਦੇ ਕਰਦੇ ਹਨ, ਮੁਰਦਿਆਂ ਤੋਂ ਮੁਰਾਦਾਂ ਮੰਗਦੇ ਹਨ । ਸ਼ਿਰਕ ਵਿੱਚ ਗ੍ਰਿਸੇ ਹੋਏ ਹਨ । ਲਾ ਇਲਾਹਾ ਇਲਲੱਾਹੁ ਤਾਂ ਹੁਣ ਵੀ ਹੈ ਪਰ ਹੁਣ ਉਹ ਕੋਈ ਤਬਦੀਲੀ ਨਹੀਂ ਪੈਦਾ ਕਰਦਾ, ਉਸ ਦਾ ਕਾਰਣ ਇਹ ਹੈ ਕਿ ਉਸ ਨੂੰ ਜਾਨਣ ਵਾਲੇ ਉਸਦੇ ਅਰਥ ਤੇ ਭਾਵ ਨਹੀਂ ਸਮਝਦੇ । ਉਹਨਾਂ ਦਾ ਮੁਸਮਲਾਮਨ ਹੋਣਾ ਨਾਂ ਬਰਾਬਰ ਹੈ । ਅਜਿਹੇ ਵੀ ਹਨ ਜੋ ਬੇਸ਼ਕ ਪੰਜ ਸਮੇਂ ਇਬਾਦਤ ਦਾ ਪ੍ਰਗਟਾਵਾ ਕਰਦੇ ਹਨ । ਨਮਾਜ਼ ਅਤੇ ਅਜ਼ਾਨ ਵਿੱਚ ਤੌਹੀਦ ਦੀ ਗਵਾਹੀ ਦਿੰਦੇ ਹਨ ਪਰ ਹਰਕਤਾਂ ਮੁਸ਼ਰਿਕਾਂ ਵਾਲੀਆਂ ਹਨ ।

ਸੋ, ਅਜਿਹੇ ਸਮੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਆਉਣਾ ਅਤਿ ਜ਼ਰੂਰੀ ਸੀ ਤਾਂ ਜੋ ਉਹ ਇਕ ਨਵੀਂ ਧਰਤੀ ਤੇ ਨਵਾਂ ਅਕਾਸ਼ ਬਨਾਉਣ ਅਤੇ ਆਪ ਨੇ ਇਕ ਇਨਕਲਾਬ ਪੈਦਾ ਕਰਕੇ ਵੀ ਦਿਖਾ ਦਿੱਤਾ । ਸੋ, ਜੇਕਰ ਅਸੀਂ ਇਸ ਗੱਲ ਦੀ ਦਲੀਲ ਦੇਣੀ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੇ ਕਿਵੇਂ ਨਵੀਆਂ ਧਰਤੀਆਂ ਤੇ ਨਵੇਂ ਅਕਾਸ਼ ਬਣਾਏ ਤਾਂ ਇਸ ਦਾ ਸਭ ਤੋਂ ਵੱਡਾ ਪ੍ਰਮਾਣ ਸਾਡਾ ਆਪਣਾ ਵਿਅਕਤੀਤਵ ਹੋਣਾ ਚਾਹੀਦਾ ਹੈ । ਤੌਹੀਦ ਦੀ ਸਥਾਪਨਾ ਸਾਡਾ ਸਭ ਤੋਂ ਪਹਿਲਾ ਕਾਰਜ ਹੋਣਾ ਚਾਹੀਦਾ ਹੈ । ਰੱਬ ਨਾਲ ਸੰਬੰਧ ਵਧਾਉਣ ਵਿੱਚ ਸਾਡੇ ਜਤਨ ਹੋਣੇ ਚਾਹੀਦੇ ਹਨ । ਰੱਬ ਦੇ ਆਦੇਸ਼ਾਂ ਉਪੱਰ ਅਮਲ ਕਰਨ ਲਈ ਸਾਨੂੰ ਭਰਪੂਰ ਜਤਨ ਕਰਨੇ ਚਾਹੀਦੇ ਹਨ । ਹਕੂਕੁਲ ਇਬਾਦ (ਰੱਬ ਦੀ ਮਖ਼ਲੂਕ ਦੇ ਅਧਿਕਾਰ) ਦੀ ਪੂਰਨਤਾ ਵੱਲ ਸਾਡਾ ਧਿਆਨ ਹੋਣਾ ਚਾਹੀਦਾ ਹੈ । ਅਸੀਂ ਕੇਵਲ ਵਿਸ਼ਵਾਸ ਦੇ ਪੱਖੋਂ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਨੂੰ ਮਨੰਣ ਵਾਲੇ ਨ  ਹੋਈਏ ਸਗੋਂ ਅਮਲੀ ਤਬਦੀਲੀਆਂ ਵੀ ਸਾਡੇ ਵਿੱਚ ਦਿਖਾਈ ਦੇਣ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਵੀ ਫ਼ਰਮਾਇਆ ਹੈ ਕਿ ਮੋਮਨ ਦਾ ਦਿਲ ਧਰਤੀ ਵਾਂਗ ਹੁੰਦਾ ਹੈ । ਸੋ, ਆਪਣੇ ਦਿਲਾ ਨੂੰ ਵਿਸ਼ਵਾਸ ਦੇ ਪੱਖੋਂ ਨਹੀਂ ਸਗੋਂ ਅਮਲਾਂ ਦੇ ਪੱਖੋਂ ਵੀ ਲਾਹੇਵੰਦ ਬਨਾਉਣਾ ਹੈ । ਰੱਬ ਨੇ ਸਾਡੇ ਉਪੱਰ ਇਹ ਉਪਕਾਰ ਕੀਤਾ ਹੈ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਿਆ ਹੈ । ਰੱਬ ਚਾਹੁੰਦਾ ਹੈ ਕਿ ਸਾਡੇ ਅਮਲਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਰਾਹੀਂ ਨੇਕ ਬਣਾਏ ਅਤੇ ਸਾਡੇ ਹੱਥੀ ਧਰਤੀ ਨੂੰ ਠੀਕ ਕਰੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਰੱਬ ਨੇ ਤਰੀਕੇ ਦੱਸ ਦਿੱਤੇ ਉਹਨਾਂ ਨੂੰ ਕੰਮ ਵਿੱਚ ਲਿਆਉਣਾ ਸਾਡਾ ਕੰਮ ਹੈ । ਹੁਣ ਅਸੀਂ ਦੇਖਣਾ ਹੈ ਕਿ ਕੀ ਵਾਸਤਵ ਵਿੱਚ  ਇਹ ਕੰਮ ਕਰ ਰਹੇ ਹਨ ?

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ ਮੈਂ ਦੇਖਦਾ ਹਾਂ ਕਿ ਲੋਕਾਂ ਦੀ ਇਹ ਹਾਲਤ ਹੋ ਰਹੀ ਹੈ ਕਿ ਉਹ ਵਿਉਂਤਾਂ ਤਾਂ ਕਰਦੇ ਹਨ ਪਰ ਦੁਆ ਤੋਂ ਗ਼ਫਲਤ ਕੀਤੀ ਜਾਂਦੀ ਹੈ ਸਗੋਂ ਅਸਬਾਬ ਪ੍ਰਸਤੀ ਐਨ੍ਹੀ ਵੱਧ ਗਈ ਹੈ ਕਿ ਦੁਨੀਆਵੀ ਤਦਬੀਰਾਂ ਨੂੰ ਰੱਬ ਬਣਾ ਲਿਆ ਹੈ ਅਤੇ ਦੁਆ ਉਪੱਰ ਹਾਸਾ ਉਡਾਇਆ ਜਾਂਦਾ ਹੈ ਅਤੇ ਉਸ ਨੂੰ ਇਕ ਫ਼ਜ਼ੂਲ ਤੇ ਨਿਗੁਣੀ ਸ਼ੈ ਸਮਝਿਆ ਜਾਂਦਾ ਹੈ । ਇਹ ਖ਼ਤਰਨਾਕ ਵਿਸ਼ ਹੈ ਜੋ ਦੁਨੀਆ ਵਿੱਚ ਫੈਲ ਰਿਹਾ ਹੈ ਪਰ ਰੱਬ ਚਾਹੁੰਦਾ ਹੈ ਕਿ ਇਸ ਵਿੱਸ਼ ਨੂੰ ਦੂਰ ਕਰੇ । ਕਿਉਂਕਿ ਇਹ ਸਿਲਸਿਲਾ (ਜਮਾਤ) ਉਸ ਨੇ ਇਸੇ ਲਈ ਕਾਇਮ ਕੀਤਾ ਹੈ ਕਿ ਦੁਨੀਆ ਨੂੰ ਰੱਬ ਦੀ ਮਆਰਫ਼ਤ (ਪਛਾਣ) ਹੋਵੇ ਅਤੇ ਦੁਆ ਦੀ ਵਾਸਤਵਿਕਤਾ ਅਤੇ ਉਸ ਦੇ ਪ੍ਰਭਾਵ ਦੀ ਜਾਣਕਾਰੀ ਮਿਲੇ ।

ਸੋ, ਇਸ ਉਦੇਸ਼ ਨੂੰ ਹਰ ਅਹਮਦੀ ਨੂੰ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ਅਤੇ ਆਪਣੇ ਰੱਬ ਨਾਲ ਸੰਬੰਧ ਨੂੰ ਵਧਾਉਣ ਦੀ ਲੋੜ ਹੈ । ਇਸ ਨੂੰ ਸਾਹਮਣੇ ਰਖੱਦਿਆਂ ਹੋਇਆਂ ਫਿਰ ਆਪ ਨੇ ਫ਼ਰਮਾਇਆ ਇਹ ਜੁੱਗ ਵੀ ਆਤਮਕ ਜੁੱਧ ਦਾ ਸਮਾਂ ਹੈ । ਸ਼ੈਤਾਨ ਨਾਲ ਜੰਗ ਅਰੰਭ ਹੈ । ਸ਼ੈਤਾਨ ਆਪਣੇ ਸਾਰਿਆਂ ਹੱਥਿਆਰਾਂ ਅਤੇ ਮਕੱਾਰੀਆਂ ਨੂੰ ਨਾਲ ਲੈਕੇ ਇਸਲਾਮ ਦੇ ਕਿਲੇ ਉਪੱਰ ਹਮਲਾ ਆਵਰ ਹੋ ਰਿਹਾ ਹੈ ਅਤੇ ਉਹ ਚਾਹੁੰਦਾ ਹੈ ਕਿ ਇਸਲਾਮ ਨੂੰ ਪਰਾਜਿਤ ਕਰੇ, ਪਰ ਰੱਬ ਨੇ ਇਸ ਸਮੇਂ  ਸ਼ੈਤਾਨ ਦੀ ਅੰਤਮ ਜੁੱਧ ਵਿੱਚ ਉਸ ਨੂੰ ਹਮੇਸ਼ਾ ਲਈ ਹਾਰ ਦੇਣ ਲਈ ਇਸ ਜਮਾਤ ਨੂੰ ਕਾਇਮ ਕੀਤਾ ਹੈ ।

ਸੋ, ਇਸ ਰੂਹਾਨੀ ਜੁੱਧ ਲਈ ਹਰ ਅਹਮਦੀ ਨੂੰ ਜਤਨ ਕਰਨਾ ਚਾਹੀਦਾ ਹੈ ਅਤੇ ਅੱਗੇ ਵੱਧਣ ਦੀ ਲੋੜ ਹੈ ਅਤੇ ਇਹ ਉਸ ਸਮੇਂ ਤੱਕ ਨਹੀਂ ਹੋ ਸਕਦਾ ਜੱਦ ਤੱਕ ਅਸੀਂ ਆਪਣੀ ਆਤਮਕਤਾ ਦੀ ਨਵੀਂ ਧਰਤੀ ਤੇ ਨਵੇਂ ਅਕਾਸ਼ ਪੈਦਾ ਨ ਕਰ ਲਈਏ । ਆਪ ਨੇ ਫ਼ਰਮਾਇਆ, ਜੋ ਇਹ ਕਿਹਾ ਗਿਆ ਹੈ ਕਿ ਸ਼ੈਤਾਨ ਨੂੰ ਹਾਰ ਦੇਣ ਲਈ ਇਸ ਸਿਲਸਿਲੇ (ਜਮਾਤ) ਨੂੰ ਕਾਇਮ ਕੀਤਾ ਹੈ । ਆਪਣੇ ਹਰ ਮੰਨ੍ਹਣ ਵਾਲੇ ਉਪੱਰ ਇਹ ਜ਼ਿੰਮੇਦਾਰੀ ਪਾਈ ਗਈ ਹੈ ਕਿ ਰੂਹਾਨੀਯਤ ਵਿੱਚ ਤਰੱਕੀ ਕਰਕੇ

ਸ਼ੈਤਾਨ ਦਾ ਮੁਕਾਬਲਾ ਕਰੇ ਅਤੇ ਰੱਬ ਦੀ ਮਖ਼ਲੂਕ ਦੇ ਅਧਿਕਾਰ ਪੂਰੇ ਕਰਨ ਦੇ ਮਿਆਰਾਂ ਨੂੰ ਪ੍ਰਾਪਤ ਕਰਨ ਵੱਲ ਧਿਆਨ ਖਿੱਚਿਆ ਅਤੇ ਧਿਆਨ ਦੁਆਉਂਦਿਆਂ ਹੋਇਆ ਆਪ ਨੇ ਫ਼ਰਮਾਇਆ ਕਿ ਇਸ ਗੱਲ ਨੂੰ ਖ਼ੂਬ ਚੇਤੇ ਰੱਖੋ ਕਿ ਰੱਬ ਦੇ ਦੋ ਆਦੇਸ਼ ਹਨ । ਇਕ ਇਹ ਕਿ ਉਸ ਦੇ ਨਾਲ ਕਿਸੇ ਨੂੰ ਸ਼ਰੀਕ ਨ ਕਰੋ । ਨ ਰੱਬ ਦੇ ਵੁਜੂਦ ਵਿੱਚ ਨ ਗੁਣਾ ਵਿੱਚ ਨ ਇਬਾਦਤ ਵਿੱਚ । ਅਤੇ ਦੂਜਾ ਮਨੁੱਖਤਾ ਨਾਲ ਸਹਾਨੁਭੂਤੀ ਕਰੋ ਅਤੇ ਉਪਕਾਰ ਨਾਲ ਇਹ ਭਾਵ ਨਹੀਂ ਕਿ ਆਪਣੇ ਭਰਾਵਾਂ ਅਤੇ ਰਿਸ਼ਤੇਦਾਰਾਂ ਨਾਲ ਹੀ ਕਰੋ ਸਗੋਂ ਕੋਈ ਵੀ ਹੋਵੇ । ਆਦਮ ਜ਼ਾਦ ਹੋਵੇ ਅਤੇ ਰੱਬ ਦੀ ਮਖ਼ਲੂਕ ਵਿੱਚੋਂ ਕੋਈ ਵੀ ਹੋਵੇ । ਇਹ ਵਿਚਾਰ ਨ ਕਰੋ ਕਿ ਹਿੰਦੂ ਹੈ ਜਾਂ ਈਸਾਈ ਹੈ । ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਰੱਬ ਨੇ ਤੁਹਾਡਾ ਨਿਆਂ ਆਪਣੇ ਹੱਥਾਂ ਵਿੱਚ ਲਿਆ ਹੈ ਉਹ ਨਹੀਂ ਚਾਹੁੰਦਾ ਕਿ ਤੁਸੀਂ ਆਪ ਕਰੋ (ਅਰਥਾਤ ਆਪਣੇ ਬਦਲੇ ਆਪ ਲੈਣ ਦੇ ਜਤਨ ਨ ਕਰੋ) ਜਿੰਨ੍ਹੀ ਨਰਮੀ ਧਾਰਣ ਕਰੋਗੇ ਅਤੇ ਜਿੰਨ੍ਹੀ ਨਿਮਰਤਾ ਤੇ ਆਜਜ਼ੀ ਕਰੋਗੇ ਰੱਬ ਉਨ੍ਹਾ ਹੀ ਖ਼ੁਸ਼ ਹੋਵੇਗਾ । ਆਪਣੇ ਦੁਸ਼ਮਣਾ ਨੂੰ ਰੱਬ ਦੇ ਹਵਾਲੇ ਕਰੋ ।

ਅਲੱਾਹ ਕਰੇ ਅਸੀਂ ਆਪਣੇ ਸਾਰੇ ਹੱਕ ਪੂਰੇ ਕਰਨ ਵਾਲੇ ਹੋਈਏ । ਅਸੀਂ ਵਿਸ਼ਵਾਸ ਤੇ ਵਿਵਹਾਰਕ ਪੱਖੋਂ ਉਹ ਬਣੀਏ ਜੋ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਸਾਨੂੰ ਬਨਾਉਣਾ ਚਾਹੁੰਦੇ ਹਨ । ਸਾਡੀ ਧਰਤੀ ਵੀ ਨਵੀਂ ਬਣ ਜਾਵੇ ਅਤੇ ਸਾਡਾ ਅਕਾਸ਼ ਵੀ ਨਵਾਂ ਬਣ ਜਾਵੇ ਅਤੇ ਅਸੀਂ ਉਹ ਇਨਸਾਨ ਬਣ ਬਣ ਜਾਈਏ ਜੋ ਨਵੀਂ ਧਰਤੀ ਤੇ ਨਵੇਂ ਅਕਾਸ਼ ਬਨਾਉਣ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੇ ਸੇਵਕ ਤੇ ਸਹਾਇਕ ਹੋਣ । ਰੱਬ ਇਸ ਜਲਸੇ ਨੂੰ ਵੀ ਹਰ ਪੱਖੋਂ ਬਰਕਤਾਂ ਭਰਪੂਰ ਬਣਾਏ ਅਤੇ ਇੱਥੇ ਆਉਣ ਵਾਲੇ ਅਥਾਹ ਮਿਹਰਾਂ ਨੂੰ ਇਕੱਤਰ ਕਰਨ ਵਾਲੇ ਹੋਣ । ਜਲਸੇ ਦੇ ਪ੍ਰੋਗ੍ਰਾਮਾਂ ਨੂੰ ਆਪ ਲੋਕ ਧਿਆਨ ਨਾਲ ਸੁਣੋ ਅਤੇ ਆਪਣੇ ਜੀਵਨ ਦਾ ਅੰਗ ਬਨਾਉਣ ਦਾ ਜਤਨ ਕਰੋ ਹਰ ਭਾਸ਼ਣ ਹਰ ਪ੍ਰੋਗ੍ਰਾਮ ਬਹੁਤ ਚੰਗਾ ਹੁੰਦਾ ਹੈ । ਅਲੱਾਹ ਤਆਲਾ ਸਾਰਿਆਂ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba 05.06.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131